ੴ ਸਤਿਗੁਰ ਪ੍ਰਸਾਦਿ

# ਮਾਵਾਂ ਆਪਣਾ ਫਰਜ਼ ਪਛਾਨੰਣ



ਨਵ ਯੁਗ ਚੇਤਨਾ ਸਮਾਜ ( ਰਜਿ.)
1718/4 Gobind Puri Extn.
New Delhi 110019
**9811792602, 9873097024**

## ਜਾਣ ਪਛਾਣ

ਨਵ ਯੁਗ ਚੇਤਨਾ ਸਮਾਜ ਦਾ ਮੁਖ ਮਿਸ਼ਨ ਹਰ ਮਨੁੱਖ ਨੂੰ ਜੀਵਨ ਜੀਉਣ ਦੇ ਹਰ ਪੱਖ ਤੋਂ ਜਾਗਰੂਕ ਕਰਨਾ ਅਤੇ ਗੁਰਮੱਤ ਅਨੁਸਾਰ ਅਮਲੀ ਜੀਵਨ ਜੀਉਣ ਲਈ ਗੁਰਮੱਤ ਦੇ ਨੁਕਤਿਆਂ ਨੂੰ ਦ੍ਰਿੜ ਕਰਾਉਣਾ ਹੈ।

ਫਜ਼ੂਲ ਰਹੁ ਰੀਤੀਆਂ,(ਕਰਮ ਕਾਂਡ) ਅੰਧ ਵਿਸ਼ਵਾਸੀ ਅਤੇ ਧਰਮ ਦੇ ਨਾਮ ਤੇ ਤਾਣੇ ਬਾਣੇ ਦੀ ਅਸਲੀਅਤ ਤੋਂ ਲੋਕਾਈ ਨੂੰ ਜਾਗਰੂਕ ਕਰਨਾ ਹੈ।

ਪ੍ਰਕਾਸ਼ਕ
ਨਵ ਯੁਗ ਚੇਤਨਾ ਸਮਾਜ,
1718/4 Gobind Puri Extn.,
New Delhi, 110019 (Mub. 9811792602)

# ਮਾਵਾਂ ਆਪਣਾ ਫਰਜ਼ ਪਛਾਨਣ

ਸਿੱਖ ਪਰਿਵਾਰਾਂ ਦੇ ਖਾਸ ਕਰਕੇ ਖਾਂਦੇ ਪੀਂਦੇ ਘਰਾਂ ਵਿੱਚ ਆਪਣੇ ਬਚਿਆਂ ਦੇ ਜਨੰਮ ਦਿਨ ਜਾਂ ਦਸਤਾਰ ਬੰਦੀ ਸਮੇਂ ਵੱਡੇ-ਵੱਡੇ ਪ੍ਰੋਗਰਾਮ ਕੀਤੇ ਜਾਂਦੇ ਹਨ। ਕਹਿਣ ਨੂੰ ਤਾਂ ਇਹ ਸਮਾਗਮ ਬਚਿਆਂ ਨੂੰ ਆਸ਼ੀਰਵਾਦ ਲੈਣ ਵਾਸਤੇ ਕੀਤੇ ਜਾਂਦੇ ਹਨ ਪਰ ਅਸਲ ਵਿੱਚ ਹਨ ਇਹ ਸਿਰਫ ਵਿਖਾਵਾ। ਕੋਈ ਵੀ ਉੱਚ ਕੋਟੀ ਦਾ ਵਿਦਵਾਨ ਅਤੇ ਗਿਆਨੀ ਪੁਰਸ਼ ਇਕ ਸਾਧਾਰਣ ਬੰਦੇ ਨੂੰ ਕੁਝ ਮਿੰਟਾਂ ਵਿੱਚ ਦਸਤਾਰ ਅਤੇ ਸਾਬਤ ਸੂਰਤ ਮਨੁੱਖ ਦੀ ਮਹੱਤਤਾ ਬਾਰੇ ਨਹੀਂ ਸਮਝਾ ਸਕਦਾ ਹੈ। ਸਿਰਫ ਦਾੜੀ-ਕੇਸ ਹੀ ਸਿੱਖ ਦੀ ਪਛਾਣ ਨਹੀਂ। ਦਾੜੀ-ਕੇਸ ਤਾਂ ਹਰ ਮਨੁੱਖ ਨੂੰ ਰੱਬੀ ਗਿਫ਼ਟ (ਦਾਤ) ਮਿਲੀਆ ਹੋਇਆ ਹੈ। ਬਲਕਿ ਸੰਸਾਰ ਵਿੱਚ ਆਉਣ ਵਾਲਾ ਹਰ ਮਨੁੱਖ ਪਹਿਲਾਂ ਸਿੱਖ ਹੈ, ਬਾਅਦ ਵਿੱਚ ਕੁਝ ਹੋਰ। ਹੁਣ ਤਕ ਸੰਸਾਰ ਵਿੱਚ ਆਉਣ ਵਾਲੇ ਸਾਰੇ ਗੁਰੂ, ਪੀਰ, ਪੈਗੰਬਰ, ਅਤੇ ਅਵਤਾਰੀ ਪੁਰਸ਼ ਦਾੜੀ-ਕੇਸ ਵਾਲੇ ਸਨ। ਅਮਰੀਕਾ, ਬਰਤਾਨੀਆਂ ਰੂਸ ਆਦ ਅਨੇਕ ਦੇਸ਼ਾਂ ਦੇ ਧਾਰਮਿਕ ਆਗੂ, ਵਿਗਿਆਨੀ ਅਤੇ ਵਿਦਵਾਨ ਲੋਕ ਸਾਬਤ-ਸੂਰਤ ਸਨ। ਦਾੜੀ-ਕੇਸ ਰੱਖਣ ਦੀ ਅਤੇ ਪੱਗ ਬਨੱਣ ਦੀ ਪ੍ਰੰਪਰਾ ਤਾਂ ਭਾਰਤ ਵਿੱਚ ਪੁਰਾਣੇ ਸਮੇਂ ਤੋਂ ਹੈ। ਪੁਰਾਤਨ ਸਮੇਂ ਵਿੱਚ ਤਾਂ ਸਾਰੇ ਲੋਗ ਦਾੜੀ ਕੇਸ ਦਾ ਪੂਰਾ ਸਤਿਕਾਰ ਕਰਦੇ ਸਨ॥ ਕਹਿਣ ਦਾ ਭਾਵ ਕਿ ਕੋਈ ਵਕਤ ਐਸਾ ਸੀ, ਜਦ ਸਾਰੇ ਭਾਰਤੀ ਲੋਕ ਦਾੜੀ-ਕੇਸਾਂ ਵਾਲੇ ਸਨ। ਦਾੜੀ-ਕੇਸ ਰੱਖਣਾ ਭਾਰਤ ਦੀ ਪੁਰਾਤਨ ਸੰਸਕ੍ਰਿਤੀ ਦਾ ਇਕ ਅਹਿੰਮ ਅੰਗ ਹੈ। ਇਸ ਕਰਕੇ ਹਰ ਭਾਰਤੀ ਨੂੰ ਕੰਮ ਸੇ ਕੰਮ ਪੁਰਾਤਨ ਸੰਸਕ੍ਰਿਤੀ ਦੇ ਅਹਿੰਮ ਅੰਗ ਦੀ ਸੰਭਾਲ ਜਰੂਰੀ ਕਰਨੀ ਚਾਹੀਦੀ ਹੈ। ਬਜਾਏ ਪੁਰਾਤਨ ਸੰਸਕ੍ਰਿਤੀ ਦਾ ਢੰਡੋਰਾ ਪਿੱਟਣ ਦੇ।

ਅਜ ਭਾਵੇਂ ਸਿੱਖ ਧਰਮ ਵਿੱਚ ਸਾਬਤ-ਸੂਰਤ ਦਸਤਾਰ ਸਿਰਾ ਹੀ ਸਿੱਖ ਦੀ ਮੁੱਖ ਪਛਾਣ ਮੰਨੀ ਜਾਂਦੀ ਹੈ। ਪਰ ਵਿਗਿਆਨਿਕ, ਧਾਰਮਿਕ, ਸਮਾਜਿਕ, ਰੁਹਾਨੀਅਤ ਅਤੇ ਇਤਿਹਾਸਕ ਪਖੋਂ ਹਰ ਮਨੁੱਖ ਸਾਬਤ-ਸੂਰਤ ਹੋਣਾ ਚਾਹੀਦਾ ਹੈ। ਕਿਉਕਿ ਸੰਸਾਰ ਦੀਆਂ ਪ੍ਰਸਿੱਧ ਸਖਸ਼ੀਅਤਾਂ ਵਿੱਚੋਂ ਸੁਕਰਾਤ, ਇਬਰਾਹੀਮ ਲਿੰਕਨ, ਰਾਬਿੰਦਰਨਾਥ ਟੈਗੋਰ, ਕੋਲੰਬਸ ਤੋਂ ਇਲਾਵਾ ਬਹੁਤ ਸਾਰੇ ਵਿਦਵਾਨ ਲੋਕ ਅਤੇ ਵਿਗਿਆਨੀ ਦਾੜੀ ਕੇਸ ਵਾਲੇ ਸਨ। ਹਿੰਦੂ ਮੱਤ ਦੇ ਸਾਰੇ ਅਵਤਾਰ, ਵੇਦ-ਵਿਆਸ ਸਮੇਤ ਸਾਰੇ ਰਿਸ਼ੀ-ਮੁਨੀ ਸਾਬਤ ਸੂਰਤ ਸਨ। ਹਿੰਦੂ ਮੱਤ ਦੇ ਧਰਮ ਗ੍ਰੰਥਾਂ (ਰਿਗ-ਵੇਦ ਆਦਿ) ਵਿੱਚ ਸਿਵਜ਼ੀ, ਵਿਸ਼ਨੂੰ ਤੇ ਹੋਰ ਅਵਤਾਰਾਂ ਦੀ ਦਾੜੀ-ਕੇਸ ਕਰਕੇ ਉਨ੍ਹਾਂ ਦੇ ਤੇਜ ਪ੍ਰਤਾਪ ਅਤੇ ਸੁਦੰਰਤਾ ਦੀ ਮਹਿਮਾਂ ਕੀਤੀ ਗਈ ਹੈ।

ਅਜ ਦਾ ਇਸਲਾਮਿਕ ਢਾਂਚਾ ਹੁੰਦਰੇਪੱਨ ਕਾਰਣ ਭਾਵੇਂ ਆਪਣੇ ਪੀਰ-ਪੈਗੰਬਰਾਂ ਦੇ ਹੁਕਮ ਦੀ ਤਾਮੀਲ ਨਹੀ ਕਰਦੇ, ਪਰ ਇਸਲਾਮ ਮੱਤ ਦੀਆਂ ਜੰਬੂਰ ਤੌਰੇਤ ਅੰਜੀਲ ਆਦ ਧਾਰਮਿਕ ਪੁਸਤਕਾਂ ਵਿੱਚ ਖਾਸ ਜ਼ਿਕਰ ਹੈ, ਕਿ ਖੁਦਾ ਨੇ ਬਾਬਾ ਅਦਮ ਨੂੰ ਆਪਣੇ ਜੇਹੀ ਸ਼ਕਲ ਦਾ ਬਣਾਇਆ ਸੀ। ਕਿਉਕਿ ਬਾਬਾ ਆਦਮ ਸਾਬਤ-ਸੂਰਤ ਸਨ। ਇਸਲਾਮ ਮੱਤ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ, ਮੂਸਾ, ਦਾਉਦ, ਈਸਾਈ ਮੱਤ ਦੇ ਪੈਗੰਬਰ ਈਸਾ ਮਸੀਹ ਦਾੜੀ ਕੇਸ ਵਾਲੇ ਸਨ। ਇਸਲਾਮ ਮੱਤ ਵਿੱਚ ਤਾਂ ਕੇਸ-ਦਾੜੀ ਨੂੰ ਮਨੁੱਖੀ ਜੀਵਣ ਦਾ ਇਕ ਜਰੂਰੀ ਅੰਗ ਮੰਨਿਆਂ ਗਿਆ ਹੈ। ਹਜ਼ਰਤ ਮੁਹੰਮਦ ਸਾਹਿਬ ਦੀ ਯਾਦ ਵਿੱਚ ਸਤਿਕਾਰ ਵਜੋਂ ਮੋਏ ਮੁਬਾਰਕ ਨਾਮ ਤੇ ਉਨਾਂ ਦਾ ਇਕ ਵਾਲ ਮੁਸਲਿਮ ਲੋਕਾਂ ਦੇ ਦਰਸ਼ਨਾਂ ਲਈ ਸ੍ਰੀ ਨਗਰ (ਜੰਮੂ ਕਸ਼ਮੀਰ) ਵਿਚ ਰਖਿਆ ਹੋਇਆ ਸੀ। ਵੀਹਵੀਂ ਸਦੀ ਦੇ ਛੇਵੇਂ ਦਹਾਕੇ ਦੇ ਆਖਰੀ ਸਾਲਾਂ ਵਿੱਚ ਇਹ ਵਾਲ ਕਿਸੇ ਮੰਨਚਿਲੇ ਸ਼ਰਾਰਤੀ ਨੇ ਚੋਰੀ ਕਰ ਲਿਆ ਸੀ। ਵਾਲ ਚੋਰੀ ਦੀ ਇਸ ਘਟਨਾ ਦੇ ਨਤੀਜੇ ਵਜੋਂ ਦੁਨੀਆ ਦੇ ਸਾਰੇ ਮੁਸਲਮਾਨ ਤਹਿਸ਼ ਵਿੱਚ ਆ ਗਏ ਸਨ। ਜੰਮੂ ਕਸ਼ਮੀਰ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਐਸਾ ਫਿਰਕੂ ਤੱਣਾ ਪੈਦਾ ਹੋਇਆ ਕਿ ਭਾਰਤੀ ਹਕੂਮਤ ਨੂੰ ਭਾਰੀ ਵਕਤ ਪੈ ਗਿਆ ਸੀ। ਪਰ ਪੰਡਤ ਜਵਾਹਰ ਲਾਲ ਨਹਿਰੂ ਨੇ ਸੇਖ਼ ਅਬਦੁਲਾ (ਮੁੱਖ ਮਤੰਰੀ ਜੰਮੂ ਕਸ਼ਮੀਰ) ਨਾਲ ਮਿਲ ਕੇ ਇਹ ਮਸਲਾ ਕਿਵੇਂ ਹਲ ਕੀਤਾ, ਇਕ ਭੇਦ ਬਣਕੇ ਰਹਿ ਗਿਆ। ਕਈ ਲੋਕਾਂ ਦਾ ਕਹਿਣਾ ਸੀ ਕਿ ਉਸ ਵਾਲ ਦੀ ਜਗ੍ਹਾ ਕੋਈ ਹੋਰ ਵਾਲ ਰੱਖ ਕੇ ਪੰਡਤ ਜੀ ਨੇ ਮੁਸਲਿਮ ਫਿਰਕੇ ਤੋਂ ਆਪਣਾ ਪਿਛਾ ਛਡਾਇਆ।

ਤ੍ਰੇਤੇ ਯੁਗ ਵਿੱਚ ਲਛਮਨ ਨੇ ਜਦੋਂ ਪਰਸ ਰਾਮ ਨੂੰ ਜੀਉਂਦਾ ਪਕੜ ਲਿਆ ਸੀ (ਹਨੁਮਾਨ ਚਰਿਤਰ ਨਾਟਕ} ਤਾਂ ਲਛਮਣ ਨੇ ਆਪਣੇ ਵਡੇ ਭਰਾ ਸ੍ਰੀ ਰਾਮ ਚੰਦਰ ਜੀ ਨੂੰ ਪੁਛਿਆ, ਕਿ ਇਸ ਨੂੰ ਕਿਆ ਸਜ਼ਾ ਦਿਤੀ ਜਾਵੇ। ਤਾਂ ਰਾਮ ਚੰਦਰ ਜੀ ਨੇ ਕਿਹਾ, ਕਿ ਇਸ ਦੇ ਦਾੜੀ ਕੇਸ ਕਤਲ ਕੀਤੇ ਜਾਣ। ਤਾਂ ਪਰਸ ਰਾਮ ਨੇ ਸ੍ਰੀ ਰਾਮ ਚੰਦਰ ਜੀ ਨੂੰ ਬੇਨਤੀ ਕੀਤੀ ਕਿ ਮੈਨੂੰ ਕਤਲ ਤਾਂ ਕਰ ਦਿਓ, ਪਰ ਮੇਰੇ ਵਾਲ ਨਾ ਕਟੋ। ਦੁਆਪਰ ਵਿੱਚ ਤਾਂ ਦਾੜੀ-ਕੇਸ ਨੂੰ ਆਦਰਸ਼ੀ ਚਿੰਨ ਮੰਨਿਆਂ ਜਾਂਦਾ ਸੀ। ਜਿਹੜੇ ਮਨੁੱਖ ਕਿਸੇ ਕਾਰਣ ਗੁਨਾਹਗਾਰ ਪਾਏ ਜਾਂਦੇ ਸਨ, ਉਨਾਂ ਕੋਲੋਂ ਸਾਬਤ -ਸੂਰਤ ਦਾ ਅਧਿਕਾਰ ਖੋਹ ਲਿਆ ਜਾਂਦਾ ਸੀ। ਬਾਅਦ ਵਿੱਚ ਇਨਾਂ ਗੁਨਾਹਗਾਰਾਂ ਦਾ ਵਾਧਾ ਹੁੰਦਾ ਹੀ ਗਿਆ।

ਭਾਰਤ ਦੇ ਅੱਲਗ-ਅੱਲਗ ਹਿੱਸਿਆਂ ਵਿੱਚ ਰਹਿਣ ਵਾਲੇ ਸਾਰੇ ਭਗਤ ਸਾਬਤ-ਸੂਰਤ ਸਨ। ਸਾਬਤ-ਸੂਰਤ ਦੀ ਸੱਚਾਈ ਦਾ ਉਨ੍ਹਾਂ ਦੇ ਬਚਨਾਂ ਤੋ ਸਾਫ-ਸਾਫ ਪਤਾ ਚਲਦਾ ਹੈ।

**ਕਬੀਰ ਹਾਡ ਜਰੇ ਜਿਉ ਲਾਕਰੀ ਕੇਸ ਜਰੇ ਜਿਉ ਘਾਸੁ ॥ (ਕਬੀਰ ਸਾਹਿਬ ਅੰਗ 1366 ਗੁਰੂ ਗ੍ਰੰਥ ਸਾਹਿਬ ਜੀ)**

**ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥**

**(ਫਰੀਦ ਸਾਹਿਬ ਅੰਗ 1378 ਗੁਰੂ ਗ੍ਰੰਥ ਸਾਹਿਬ ਜੀ)**

**ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ ॥ (ਭਗਤ ਭੀਖਨ ਅੰਗ 659 ਗੁਰੂ ਗ੍ਰੰਥ ਸਾਹਿਬ ਜੀ)**

**ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥ (ਬਾਬਾ ਫਰੀਦ ਅੰਗ 1380 ਗੁਰੂ ਗ੍ਰੰਥ ਸਾਹਿਬ ਜੀ)**

**ਬੰਕੇਬਾਲ ਪਾਗ ਸਿਰ ਡੋਰੀ। ਇਹ ਤਨ ਹੋਇਗੋ ਭਸਮ ਦੀ ਢੇਰੀ (ਭਗਤ ਰਵੀਦਾਸ)**

ਮੇਰੇ ਪਿੰਡ ਕੋਟਲੀ ਆਉਣ ਵਾਲਾ ਨਾਈ ਸਿੱਖ (ਸਾਬਤ ਸੂਰਤ) ਸੀ। ਨਾਈ ਹੋਣ ਕਰਕੇ ਵਿਆਹ ਸ਼ਾਦੀਆਂ ਵਿੱਚ ਲਾਗੀ ਦਾ ਕੰਮ ਅਤੇ ਬਾਕੀ ਦਿਨਾਂ ਵਿੱਚ ਲੋਕਾਂ ਦੀ ਹਜ਼ਾਮਤ ਕਰਦਾ ਸੀ। ਦਾੜੀ-ਕੇਸਾਂ ਦੀ ਸੰਭਾਲ ਅਤੇ ਉਸ ਦੀ ਦਸਤਾਰ ਦੇ ਰੋਹਬ ਤੋਂ ਇਕ ਚੰਗਾ ਜਗੀਰਦਾਰ ਲਗਦਾ ਸੀ। ਪਰ ਜਦ ਉਹ ਹਜ਼ਾਮਤ ਕਰਨ ਦੀ ਤਿਆਰੀ ਵਿਚ ਉਸਤਰੇ ਨੂੰ ਤੇਜ਼ ਕਰਦਾ, ਤਾਂ ਸਹਿਜ਼ ਸੁਭਾਅ ਪਹਿਲਾਂ ਕਹਿ ਦਿੰਦਾ ਸੀ ਕਿ ਜਿਹੜਾ ਬੰਦਾ ਵਾਲ ਕਟਵਾ ਕੇ ਆਪਣਾ ਇਮਾਨ ਖੋ ਲਵੇ, ਉਹ ਬੰਦਾ ਕਿਸੇ ਦੇ ਵਿਸ਼ਵਾਸ ਯੋਗ ਨਹੀਂ ਰਹਿੰਦਾ। ਅਸੀ ਦੇਖਿਆ ਹੈ ਕਿ ਇਨਾਂ ਸ਼ਬਦਾਂ ਨੇ ਉਸ ਦੇ ਆਖਰੀ ਜੀਵਨ ਤਕ ਹਜ਼ਾਮਤ ਦਾ ਕੰਮ ਸਮਾਪਤ ਕਰ ਦਿੱਤਾ ਸੀ।

ਪੱਗ ਬੱਨਣ ਦਾ ਅਧਿਕਾਰ ਭਾਵੇਂ ਵਿਦਵਾਨ-ਪੰਡਤਾਂ, ਰਾਜ ਘਰਾਣਿਆਂ ਯਾ ਉਨ੍ਹਾਂ ਦੇ ਨੇੜਲਿਆਂ ਤਕ ਸੀਮਿਤ ਹੋ ਗਿਆ ਸੀ ਪਰ ਭਾਰਤ ਵਿੱਚ ਪੱਗ ਬਨੱਣ ਦਾ ਰਿਵਾਜ਼ ਬਹੁਤ ਪੁਰਾਣਾ ਹੈ। ਕੁਝ ਸਮੇਂ ਪਹਿਲਾਂ ਅਸੀਂ ਆਪ ਵੇਖਿਆ ਹੈ ਕਿ ਦੋਸ਼ੀ ਲੋਗ ਮੁਆਫ਼ੀ ਮੰਗਣ ਸਮੇਂ ਆਪਣੀ ਪੱਗ ਲਾਹ ਕੇ ਪੰਚਾਇਤ ਵਿੱਚ ਰੱਖ ਦਿੰਦੇ ਸਨ। ਸ਼ਾਇਦ ਅਜ ਵੀ ਹੋਵੇ। ਅਸੀ ਕਹਿ ਦਿੰਦੇ ਹਾਂ, ਕਿ ਫਲਾਣੇ ਬੰਦੇ ਨੇ ਆਪਣੀ ਪੱਗ ਮਿੱਟੀ ਵਿੱਚ ਰੋਲ ਦਿਤੀ। ਭਾਵ ਆਪਣੀ ਇਜ਼ਤ ਖ਼ਰਾਬ ਕਰ ਲਈ। ਇਹ ਗਲ ਪੁਰਾਤਨ ਸਮੇਂ ਦੀਆਂ ਸਜ਼ਾਵਾਂ ਨਾਲ ਮੇਲ ਖਾਂਦੀ ਹੈ। ਹੁਣ ਤਾਂ ਇੰਜ ਲਗਦਾ ਹੈ, ਕਿ ਦੇਸ਼ ਵਿੱਚ ਸਾਰੇ ਲੋਗ ਗੁਨਾਹ-ਗਾਰ ਹੀ ਵਸਦੇ ਹਨ। ਜਿਨਾਂ ਨੇ ਪੁਰਾਤਨ ਸੰਸਕ੍ਰਿਤੀ ਨਾਲ ਖਿਲਵਾੜ ਕਰਕੇ ਆਪਣੀ ਸਾਬਤ-ਸੂਰਤ ਨੂੰ ਵਿਗਾੜ ਲਿਆ ਹੈ।

ਮਨੁੱਖੀ ਜਾਮੇਂ ਦੀ ਬਣਤਰ ਅਤੇ ਜੀਵਨ ਜੀਉਂਣ ਦੀ ਲੋੜ ਅਨੁਸਾਰ ਸਰੀਰ ਦੇ ਵਾਲ ਰੱਬੀ ਦਾਤ ਹੈ। ਚਿਟੇ ਵਾਲ ਹੋ ਜਾਣਾ ਵੀ ਇਕ ਵੱਡੀ ਨਿਆਮਤ ਹੈ ਜੋ ਮਨੁੱਖ ਨੂੰ ਬਦ ਅਮਲੀ ਤੋਂ ਰੋਕਦੇ ਹਨ। ਪਰ ਚਿਟੇ ਵਾਲਾਂ ਨੂੰ ਕਾਲੇ ਕਰਨ ਵਾਲੇ ਤਾਂ ਆਪਣੇ ਕਾਲੇ ਲੇਖ ਆਪ ਆਪਣੇ ਹਥੀਂ ਲਿਖ ਲੈਂਦੇ ਹਨ।

ਐਸੇ ਲੋਕਾਂ ਨੂੰ ਭਾਵੇਂ ਕੋਈ ਰੂੜੀ-ਵਾਦ ਕਹੇ ਯਾ ਕੁਝ ਹੋਰ, ਪਰ ਦੇਸ਼ ਵਿੱਚ ਅਜ ਵੀ ਬਹੁਤ ਸਾਰੇ ਲੋਗ ਪੁਰਾਤਨ ਸੰਸਕ੍ਰਿਤੀ ਦਾ ਪੂਰਾ ਸਤਿਕਾਰ ਕਰਦੇ ਹਨ। ਜਿਵੇਂ ਕਿ ਗੁਜਰਾਤ, ਮਹਾਂਰਾਸ਼ਟਰ, ਯੂ.ਪੀ., ਹਰਿਆਣਾ, ਪੰਜਾਬ, ਆਦਿ ਐਸੇ ਕਿੰਨੇ ਇਲਾਕੇ ਹਨ, ਜਿਥੇ ਦੇ ਲੋਕ ਹੁਣ ਵੀ ਪੱਗ ਬਨਦੇ ਹਨ। ਇਹ ਗਲ ਵੱਖਰੀ ਹੈ ਕਿ ਵੱਖ-ਵੱਖ ਪ੍ਰਦੇਸ਼ਾਂ ਵਿੱਚ ਪੱਗ ਨੇ ਵੱਖਰੇ-ਵੱਖਰੇ ਰੂਪ ਧਾਰਨ ਕਰ ਲਏ ਹੋਣ। ਪਰ ਇਹ ਗਲ ਤਾਂ ਹਰ ਮਨੁੱਖ ਅੱਛੀ ਤਰ੍ਹਾਂ ਜਾਣਦਾ ਹੈ, ਕਿ ਸਰੀਰ ਦੇ ਵਾਲ ਮਨੁੱਖ ਨੂੰ ਗਰਮੀਆਂ-ਸਰਦੀਆਂ ਤੋਂ ਬਚਾਉਂਦੇ ਹਨ। ਕਈ ਵਾਰੀ ਸਿਰ ਤੇ ਕੋਈ ਭਾਰੀ ਵਸਤੂ ਯਾ ਸੱਟ ਲੱਗ ਜਾਵੇ ਤਾਂ ਕੇਸ ਤੇ ਦਸਤਾਰ ਕਾਰਣ ਕੁਝ ਨਾ ਕੁਝ ਬਚਾਅ ਦੀ ਉਮੀਦ ਹੈ।

ਵਿਗਿਆਨਿਕ ਖੋਜ ਅਨੁਸਾਰ ਮਨੁੱਖ ਦੀ ਹਰ ਰੋਜ ਦੀ ਖਾਣ ਵਾਲੀ ਖੁਰਾਕ ਤੋਂ ਜੋ ਪੋਟੀਨ ਤੱਤ ਬਣਦਾ ਹੈ, ਲਾਭ ਪਖੋਂ ਮਨੁੱਖ ਨੂੰ ਸਕੂਨ ਬਖਸਦਾ ਹੈ। ਪਰ ਵਾਰ ਵਾਰ ਵਾਲ ਕਟਣ ਨਾਲ ਪੋਟੀਨ ਤੱਤ ਦੀ ਘਾਟ ਕਾਰਣ ਮਨੁੱਖ ਨੂੰ ਮਾਨਸਿਕ ਰੋਗ ਦਾ ਖ਼ਤਰਾ ਹੋ ਸਕਦਾ ਹੈ।

ਵਿਗਿਆਨਿਆਂ ਨੇ ਵੀ ਇਹ ਗਲ ਮੰਨੀ ਹੈ, ਕਿ ਸਰੀਰ ਦਾ ਐਹਿਮ ਅੰਗ (ਸਿਰ) ਢਕਿਆ ਹੋਇਆ ਹੋਣਾ ਚਾਹੀਦਾ ਹੈ। ਵਿਗਿਆਨੀਆਂ ਨੇ ਤਾਂ ਮਨੁੱਖ ਦੇ ਦਾੜ੍ਹੀ ਕੇਸ ਰੱਖਣ ਦੇ ਲਾਭ ਨੂੰ ਲੰਮੇ ਚੌੜੇ ਵਿਸਥਾਰ ਨਾਲ ਸਮਝਾਇਆ ਹੈ। ਪਰ ਇਨਾਂ ਦੀ ਸੁਣਦਾ ਕੌਣ ਹੈ? ਉਹ ਵੀ ਅਜ ਦੇ ਫੈਸ਼ਨੀ ਜਮਾਨੇ ਵਿੱਚ। ਇਨਾਂ ਦੇ ਮੁਕਾਬਲੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖ ਸੇਵਕਾਂ ਨੂੰ ਦੋ-ਦੋ ਦਸਤਾਰਾਂ ਬਖਸ਼ਿਆਂ ਹਨ। ਤਾਂ ਜੋ ਅੱਖਰੀ ਸੁਆਸਾਂ ਤਕ ਆਨ-ਸ਼ਾਨ ਬਣੀ ਰਹੇ। ਦਸ ਗੁਰੂ ਸਾਹਿਬਾਨ ਸਾਬਤ-ਸੂਰਤ ਤੇ ਦਸਤਾਰ ਧਾਰੀ ਸਨ। ਇਹ ਗਲ ਸਮਝਣ ਦੀ ਲੋੜ ਹੈ ਕਿ ਇਕ ਆਮ ਬੰਦੇ ਦੀ ਪੱਗ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਵਰਸਾਈ ਹੋਈ ਦਸਤਾਰ ਵਿਚ ਕੀ ਅੰਤਰ ਹੈ। ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਜਦ ਸੂਬੇਦਾਰ ਵਜ਼ੀਰ ਖਾਂ ਦੀ ਕਚਿਹਰੀ ਵਿੱਚ ਪੇਸ਼ ਹੁੰਦੇ ਸਨ, ਤਾਂ ਉਨਾਂ ਦੀ ਦਾਦੀ ਮਾਤਾ ਗੁਜ਼ਰੀ ਆਪਣੇ ਪੋਤਿਆਂ 'ਜੋ ਇਕ ਪੰਜ ਸਾਲ ਤੇ ਇਕ ਸੱਤ ਸਾਲ ਦਾ ਸੀ' ਨੂੰ ਦਸਤਾਰ ਸਜਾ ਕੇ ਭੇਜਦੀ ਸੀ। ਤਾਂ ਜੋ ਸੂਬੇਦਾਰ ਨੂੰ ਪਤਾ ਲੱਗ ਸਕੇ ਕਿ ਦਸਤਾਰ ਅਣੱਖ ਅਤੇ ਫਤਿਹ ਦੀ ਨਿਸ਼ਾਨੀ ਹੈ। ਸਾਡੇ ਲਈ ਕਿੰਨਾਂ ਚੰਗਾਂ ਹੋਵੇ, ਜੇ ਬਚਪਨ ਤੋਂ ਹੀ ਮਾਵਾਂ ਆਪਨੇ ਬਚਿਆਂ ਨੂੰ ਦਸਤਾਰ ਸਜਾਉਣ ਤੇ ਦਸਤਾਰ ਦੀ ਮਹਤੱਤਾ ਸਮਝਾਉਣ।

ਹਿੰਦੀਆਂ ਦੀ ਭਲਾਈ ਲਈ ਪੁਰਾਤਨ ਸੰਸਕ੍ਰਿਤੀ ਨੂੰ ਨਵਾਂ ਰੂਪ ਰੰਗ ਤੇ ਨਰੋਈ ਦਿੱਖ ਦੇਣ ਵਾਸਤੇ ਪਰਉਪਕਾਰੀ ਗੁਰੂਆਂ ਨੇ ਆਪਣੇ ਸਿੱਖ ਸੇਵਕਾਂ ਨੂੰ ਸਾਬਤ ਸੂਰਤ ਰਹਿਣ ਦੀ ਹਿਦਾਇਤ ਕੀਤੀ ਹੈ। ਪਰ ਭਾਰਤੀ ਸੰਸਕਿਰਤੀ ਦਾ ਢੰਡੋਰਾ ਪਿਟਣ ਵਾਲਾ ਸਾਧੂ ਸਮਾਜ ਜਿਨਾਂ ਨੂੰ ਟੀ. ਵੀ. ਚੈਨਲਾਂ ਤੇ ਆਮ ਦੇਖਿਆ ਜਾ ਸਕਦਾ ਹੈ। ਸਵਾਮੀ ਸ਼੍ਰੀ ਸ਼੍ਰੀ ਰਵੀ ਸ਼ੰਕਰ, ਸ਼੍ਰੀ ਹਰੀ ਚੇਤਨਿਯ ਪੁਰੀ, ਬਾਪੂ ਆਸਾ ਰਾਮ ਜੀ, ਸਵਾਮੀ ਨਾਮ ਦੇਵ, ਸਵਾਮੀ ਸਤਿਆ ਨੰਦ ਜੀ, ਯੋਗ ਰਾਜ ਸਵਾਮੀ ਡਾ. ਓਮ ਪ੍ਰਕਾਸ਼ ਜੀ ਆਦਿ ਅਨੇਕ ਸਾਧੂ ਸੰਤ ਜਿਨਾਂ ਨੂੰ ਮਹਾਂਰਿਸ਼ੀ ਦਾ ਖਿਤਾਬ ਮਿਲਿਆ ਹੋਇਆ ਹੈ, ਸਾਰੇ ਸਾਬਤ ਸੂਰਤ ਹਨ। ਭਾਰਤ ਵਿਚ ਅਜ ਵੀ ਐਸੇ ਅਨੇਕ ਮੰਦਰ ਹਨ, ਜਿਨਾਂ ਦੇ ਪੁਜਾਰੀਆਂ ਨੇ ਭਾਰਤੀ ਸੰਸਕ੍ਰਿਤੀ (ਕੇਸ ਦਾੜੀ) ਨੂੰ ਅਜ ਵੀ ਸਭੰਾਲ ਕੇ ਰਖਿਆ ਹੋਇਆ ਹੈ। ਫਿਰ ਹਰ ਭਾਰਤੀ ਆਪਣੀ ਸੰਸਕ੍ਰਿਤੀ ਦੀ ਸਭੰਾਲ ਕਰਕੇ ਆਪਣੇ ਭਾਰਤੀ ਹੋਣ ਦੇ ਗੌਰਵ ਤੋਂ ਕਿਉਂ ਵਾਂਝੇ ਹੋ ਰਹੇ ਹਨ।

ਪਰ ਇਹ ਬੜੇ ਦੁਖ ਤੇ ਹੈਰਾਣੀ ਦੀ ਗਲ ਹੈ ਕਿ ਇਹ ਰਿਸ਼ੀਆਂ ਮੁਨੀਆਂ ਦੀ ਮੰਡਲੀ ਅਤੇ ਪੁਜਾਰੀ ਸ੍ਰੈਣੀ ਆਪਣੇ ਸ਼ਰਧਾਲੂ ਸੇਵਕਾਂ ਨੂੰ ਸਾਬਤ ਸੂਰਤ ਰਹਿਣ ਦੀ ਹਦਾਇਤ ਕਿਉਂ ਨਹੀਂ ਕਰਦੇ। ਇਹ ਹੋਰ ਵੀ ਹੈਰਾਨੀ ਦੀ ਗਲ ਹੈ ਕਿ ਸ਼ਰਧਾਲੂਆਂ ਦੀ ਭੀੜ ਵੀ ਸਾਧੂ ਸੰਤਾਂ ਤੋਂ ਦਾੜੀ ਕੇਸ ਰਖਣ ਦਾ ਕਾਰਣ ਕਿਉਂ ਨਹੀਂ ਪੁਛਦੀ ? ਭਾਰਤ ਵਾਸੀਆਂ ਨੂੰ ਵੀ ਇਹ ਪਤਾ ਲਗਣਾ ਚਾਹੀਦਾ ਹੈ ਕਿ ਫਲਾਣੇ ਹਿੰਦੂ ਧਰਮ ਗ੍ਰੰਥ ਵਿਚ ਹਿੰਦੂਆਂ ਨੂੰ ਵਾਲ ਕਟਣ ਦੀ ਹਿਦਾਇਤ ਕੀਤੀ ਗਈ ਹੈ। ਹਿੰਦੀਆਂ ਦੀ ਪਛਾਣ ਤਾਂ ਪੁਰਾਤਨ ਸੰਸਕ੍ਰਿਤੀ ਤੋਂ ਹੈ, ਘੋਨ ਮੋਨ ( ਮੋਨਾ ) ਬਣ ਕੇ ਨਹੀਂ।

**1947** ਤੋ ਪਹਿਲ਼ਾਂ ਸਕੂਲ ਜਾਂਦੇ ਸਮੇਂ ਮੈਂ ਐਸਾ ਦੇਖਿਆ ਸੀ, ਕਿ ਇਕ ਸ਼ਰਾਰਤੀ ਮੁੰਡੇ ਨੇ ਇਕ ਸ਼ਰੀਫ ਸਿੱਖ ਮੁੰਡੇ ਦੀ ਪੱਗ ਢਾਹ ਦਿਤੀ। ਆਪਸ ਵਿੱਚ ਝਗੜਾ ਹੋ ਗਿਆ। ਉਹ ਦੋਨੋ ਮੁੰਡੇ (**14-15** ਸਾਲ ਦੀ ਉਮਰ ਦੇ) ਲਗਾਤਾਰ ਤਿੰਨ-ਚਾਰ ਘੰਟੇ ਗੁਥੱਮ-ਗੁਥੱਾ (ਲੜਦੇ) ਹੁੰਦੇ ਰਹੇ। ਸ਼ਰੀਫ ਮੁੰਡਾ ਕਹਿ ਰਿਹਾ ਸੀ ਕਿ ਤੂੰ ਮੇਰੀ ਲਤ ਬਾਂਹ ਤਾਂ ਤੋੜ ਦਿੰਦਾ, ਪਰ ਮੇਰੀ ਪੱਗ ਨਾ ਢਾਹੁੰਦਾ।

ਇਹ ਗਲ ਕਿਸੇ ਦੀ ਸਮਝ ਆਵੇ ਯਾ ਨਾ ਆਵੇ ਪਰ ਗੁਰੂ ਗੋਬਿੰਦ ਸਿੰਘ ਜੀ ਦੀ ਵਰਸਾਈ ਹੋਈ ਦਸਤਾਰ ਫਤਿਹ ਤੇ ਅੱਣਖ ਦੀ ਨਿਸ਼ਾਨੀ ਹੈ। **18** ਵੀਂ ਪੂਰੀ ਸਦੀ (**1699-1799)** ਵਿੱਚ ਅੰਧਾ-ਧੁੰਦ ਕੁਰਬਾਨੀਆਂ ਸਿਰਫ ਅੱਣਖ ਕਾਇਮ ਰੱਖਣ ਲਈ ਦੇਣੀਆਂ ਪਈਆਂ। ਭਾਈ ਤਾਰੂ ਸਿੰਘ ਅਤੇ ਹੋਰ ਸ਼ਹਾਦਤਾਂ ਦੀ ਲਮੇਰੀ ਸੂਚੀ ਇਨਾਂ ਅਧਿਕਾਰਾਂ ਦੀ ਰਾਖੀ ਲਈ ਹੀ ਸਨ। ਮੈ ਤਾਂ ਇਹ ਵੀ ਕਹਾਂਗਾ ਕਿ ਸਿਖਾਂ ਦੀ ਦਸਤਾਰ ਦਾ ਰੰਗ ਵੀ ਆਪਣੀ ਮਹਤੱਤਾ ਰਖਦਾ

ਹੈ। ਧਾਰਮਿਕ ਅਸਥਾਨਾਂ ਦੀ ਬੇ-ਅਦਬੀ ਸਮੇਂ (ਸਾਕਾ ਨਨਕਾਣਾ ਸਾਹਿਬ) ਸਿੱਖਾਂ ਦੀ ਨੀਲੀ ਦਸਤਾਰ ਨੇ ਸ਼ਹਾਦਤਾਂ ਦਾ ਐਸਾ ਰੌਅ ਲਿਆਂਦਾ, ਕਿ ਅੰਗਰੇਜ ਹਕੂਮਤ ਨੂੰ ਘੁਟਣੇ ਟੁਕਣੇ ਪਏ। **1977** ਵਿੱਚ ਇੰਦਰਾ ਗਾਂਧੀ ਨੇ ਕਾਲੇ ਕਾਨੂੰਨ ਦੀ ਵਰਤੋਂ ਕਰਕੇ ਆਪਣੇ ਵਿਰੋਧੀਆਂ ਨੂੰ ਕੋਠੜੀਆਂ ਵਿੱਚ ਬੰਦ ਕਰ ਦਿਤਾ ਸੀ। ਦੇਸ਼ ਦੇ ਬੁੱਧੀ ਜੀਵੀ ਨੇਤਾਵਾਂ ਨੂੰ ਵੀ ਸੱਪ ਸੁੰਘ ਗਿਆ ਸੀ। ਉਸ ਵਕਤ ਸਿੱਖਾਂ ਦੀ ਕਾਲੀ ਦਸਤਾਰ ਨੇ ਰੋਸ ਦਾ ਐਸਾ ਰੌਅ ਲਿਆਦਾ ਕਿ ਹਕੂਮਤ ਪਾਸ ਸਿਖਾਂ ਨੂੰ ਡਕਣ ਲਈ ਕੋਈ ਕੋਠਰੀ ਖਾਲੀ ਨਾ ਰਹੀ। ਨਤੀਜੇ ਵਜੋਂ ਇੰਦਰਾ ਗਾਂਧੀ ਨੂੰ ਐਮਰਜੰਸੀ ਹਟਾਉਣੀ ਪਈ, ਅਤੇ ਗੱਦੀ ਛਡਣੀ ਪਈ। ਇਸ ਅੱਣਖ ਦੇ ਇਤਿਹਾਸ ਤੋਂ ਭਲੀ-ਭਾਂਤ ਪਤਾ ਲਗਦਾ ਹੈ ਕਿ ਸਿੱਖ ਰਹਿਤ ਮਰਿਆਦਾ ਵਿਚ ਸਿੱਖ ਦੀ ਦਸਤਾਰ ਦਾ ਖਾਸ ਅਸਥਾਨ ਹੈ। ਕਿਆ ਦੇਸ਼ ਵਾਸੀ ਇਹ ਨਹੀਂ ਜਾਣਦੇ. ਕਿ ਪੱਗ ਬੱਨਣ ਦਾ ਜਿਹੜਾ ਅਧਿਕਾਰ ਰਾਜ ਘਰਾਣਿਆਂ ਨੂੰ ਹੀ ਹੁੰਦਾ ਸੀ। ਗੁਰੁ ਗੋਬਿੰਦ ਸਿੰਘ ਜੀ ਨੇ ਇਹ ਅਧਿਕਾਰ ਹਰ ਮਨੁੱਖ ਨੂੰ ਦਿਤਾ ਹੈ। ਕਿਆ ਇਹ ਫ਼ਖ਼ਰ ਦੀ ਗੱਲ ਨਹੀ ਕਿ ਦੇਸ਼ ਦੀ ਅਜਾਦੀ ਲਈ ਵੱਡਾ ਹਿੱਸਾ ਦਸਤਾਰ ਧਾਰੀਆਂ ਦਾ ਰਿਹਾ ਹੈ। ਫਿਰ ਕੁਝ ਮਿੰਟਾਂ ਵਿਚ ਇਹ ਗਲਾਂ ਬਚਿਆਂ ਨੂੰ ਕੌਣ ਸਮਝਾਵੇ ਗਾ, ਜਦ ਕਿ ਵੱਡੇ ਵੀ ਪੈਸਾ ਕਮਾਉਣ ਦੇ ਲਾਲਸੇ ਵਿੱਚ ਦਸਤਾਰ ਦੀ ਆਨ-ਸ਼ਾਨ ਤੋਂ ਮਰਹੂਮ ਹੋਣਾ ਕਬੂਲ ਕਰ ਲੈਂਦੇ ਹਨ ਅਤੇ ਕੇਸ ਕਤਲ ਕਰਾਉਣ ਦੀ ਆਪਣੀ ਮਜਬੂਰੀ ਦਸਦੇ ਹਨ। ਦੇਸ਼ ਵਿਦੇਸ਼ ਵਿੱਚ ਰਹਿਣ ਵਾਲੇ ਸਿੱਖਾਂ ਨੂੰ ਜਾਂ ਬਚਿਆਂ ਨੂੰ ਕੇਸ ਕਤਲ ਕਰਾਉਣ ਦੀ ਕਿਆ ਮਜਬੂਰੀ ਹੈ। ਜੇ ਹੈ ਤਾਂ ਸਿੱਰਫ ਬਹਾਨਾ ਹੈ। ਹੋਣਾ ਤਾਂ ਇਹ ਚਾਹੀਦਾ ਹੈ ਕਿ ਮਾਂ ਆਪਣੇ ਬਚਿਆਂ ਨੂੰ ਬਚਪਨ ਤੋਂ ਹੀ ਪ੍ਰੇਰਨਾ ਕਰੇ ਅਤੇ ਸਮਝਾਵੇ, ਕਿ ਸਿੱਖ ਦੀ ਦਸਤਾਰ ਅਣੱਖ ਅਤੇ ਫਤਹਿ ਦੀ ਨਿਸ਼ਾਨੀ ਹੈ। ਇਸ ਆਨ ਸ਼ਾਨ ਨੂੰ ਕਾਇਮ ਰੱਖਣ ਲਈ ਤੁਹਾਡੇ ਵਿਚਾਰ, ਵਿਵਹਾਰ, ਕਿਰਦਾਰ ਤੋਂ ਗੁਰੁ ਨਾਨਕ ਮਿਸ਼ਨ ਦੀ ਝੱਲਕ ਹੌਣੀ ਚਾਹੀਦੀ ਹੈ। ਤੁਹਾਡਾ ਹਰ ਮਿਲਾਪੀ ਮਹਿਸੂਸ ਕਰੇ, ਕਿ ਇਹ ਦਸਤਾਰ ਵਾਲਾ ਗੁਰੂ ਨਾਨਕ ਦਾ ਸਿੱਖ ਹੈ।

ਜਗਦੀਸ਼ ਸਿੰਘ ਕੋਟਲੀ

(ਨਵ ਯੁਗ ਚੇਤਨਾ ਸਮਾਜ)

## ਯਾਦ ਰਖਣਾ

**ਦੇਸ਼** ਕੌਮ ਅਤੇ ਮਨੁੱਖਤਾ ਦੀ ਭਲਾਈ ਲਈ ਦੂਸਰਿਆਂ ਨੂੰ ਨਸੀਹਤਾਂ ਦੇਣ ਵਾਲਾ ਕੋਈ ਵੀ ਮਨੁੱਖ, ਨਸੀਹਤਾਂ ਦੇਣ ਦੀ ਬਜਾਏ ਪਹਿਲਾਂ ਆਪਣੇ ਆਪ ਨੂੰ ਸੁਧਾਰੇ। ਨਸੀਹਤਾਂ ਦੇਣ ਵਾਲਾ ਮਨੁੱਖ ਇਹ ਨਾ ਸਮਝੋ ਕਿ ਲੋਕ ਮੇਰੇ ਔਗਣਾਂ ਤੋਂ ਬੇ ਖ਼ਬਰ ਹਨ।

## ਗੁਰਮਤਿ ਤੋਂ ਬਿਨਾਂ

**ਕੋਈ ਮਨੁੱਖ ਵੱਡੀ ਉਮਰ ਦਾ ਕਿਉਂ ਨਾ ਹੋਵੇ? ਪਰ ਇਹ ਜਰੂਰੀ ਨਹੀਂ ਕਿ ਉਹ ਮਨੁੱਖ ਚੰਗੇ ਅਚਰਣ ਵਾਲਾ ਸਿਆਣਾ ਤੇ ਜਾਗਰੂਕ ਵੀ ਹੋਵੇ।**

**ਕੋਈ ਮਨੁੱਖ ਧੰਨਵਾਨ ਅਤੇ ਪ੍ਰਭਤਾ ਵਾਲਾ ਕਿਉਂ ਨਾ ਹੋਵ? ਪਰ ਇਹ ਜਰੂਰੀ ਨਹੀਂ ਕਿ ਉਹ ਮਨੁੱਖ ਅਕਲਮੰਦ ਅਤੇ ਨੇਕ ਨੀਤੀ ਵਾਲਾ ਵੀ ਹੋਵੇ।**

## ਕੜਵੀ ਸੱਚਾਈ

**ਮਰਨ ਗਾਹ, ਜਿਸ ਨੂੰ ਭਾਰਤੀ ਲੋਕ ਮਾਤਲੋਕ ਕਹਿੰਦੇ ਹਨ ਵਾਸਤਵ ਚ ਦੁਖਾਂ ਦਾ ਘਰ ਹੈ। ਜਿਥੇ ਹਰ ਜੀਵ ਨੇ ਦੁਖ ਭੋਗਣ ਤੇ ਮਰਨ ਲਈ ਆਉਂਣਾ ਹੈ। ਸੰਸਾਰੀ ਫਰਜ਼ ਨਿਭਾਉਂਦੇ ਹੋਏ ਜੇ ਕੋਈ ਮਨੁੱਖ ਗੁਰਮਤਿ ਅਪਨਾਵੇ ਤਾਂ ਮਰਨਾ ਸਹਿਜ ਅਤੇ ਦੁਖਾਂ ਤੋਂ ਮੁਕਤੀ ਮਿਲ ਸਕਦੀ ਹੈ।**